# ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ

**ਨੇੜੇ ਸਰਕਾਰੀ ਮਾਡਲ ਸੀਨੀਆਰ ਸੈਕੰਡਰੀ ਸਕੂਲ, ਫੇਜ 3 ਬੀ1, ਐਸ.ਏ.ਐਸ ਨਗਰ(ਮੋਹਾਲੀ)**

**ਈ-ਮੇਲ:-** recruitment@punjabeducation.gov.in **ਫੋਨ ਨੰ: 0172-3115378**

ਮੀਮੋ ਨੰ: 05/1-2020ਭਡ(1)/2024125627 ਮਿਤੀ :- 25/01/2024

**ਪਬਲਿਕ ਨੋਟਿਸ**

ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ ਵਲੋ ਮਿਤੀ 06-3-2020 ਨੂੰ 2364 ਈ.ਟੀ.ਟੀ ਅਧਿਆਪਕਾਂ ਦੀ ਭਰਤੀ ਸਬੰਧੀ ਵਿਗਿਆਪਨ ਦਿੱਤਾ ਗਿਆ ਸੀ,ਇਸ ਉਪਰੰਤ ਉਮੀਦਵਾਰਾਂ ਦੇ ਦਸਤਾਵੇਜ ਚੈਕ ਕਰਨ ਲਈ ਵੱਖ-ਵੱਖ ਮਿਤੀਆਂ ਨੂੰ ਸਕਰੂਟਨੀ ਕੀਤੀ ਗਈ ਸੀ। ਮਾਨਯੋਗ ਹਾਈ ਕੋਰਟ ਵਲੋ ਸਿਵਲ ਰਿਟ ਪਟੀਸਨ ਨੰ: 3363 ਆਫ 2021 ਦਲਜੀਤ ਕੌਰ ਅਤੇ ਹੋਰ ਬਨਾਮ ਪੰਜਾਬ ਸਰਕਾਰ ਕੇਸ ਵਿਚ ਇਸ ਭਰਤੀ ਦੇ ਇਸਤਿਹਾਰ ਨੂੰ Quash ਅਤੇ Set aside ਕਰ ਦਿੱਤਾ ਗਿਆ ਸੀ । ਇਸ ਕੋਰਟ ਕੇਸ ਦੇ ਚਲਦੇ ਕਈ ਉਮੀਦਵਾਰਾਂ ਵੱਲੋਂ ਜਾਂ ਤਾਂ ਸਰਟੀਫਿਕੇਟ ਜਮ੍ਹਾਂ ਨਹੀਂ ਕਰਵਾਏ ਗਏ ਜਾਂ ਫਿਰ ਜਮ੍ਹਾਂ ਕਰਵਾਏ ਗਏ ਡਾਕੂਮੈਂਟ ਵਾਪਸ ਲੈ ਲਏ ਗਏ ਸੀ ।

ਹੁਣ ਕਿਉ ਜੋ ਮਾਨਯੋਗ ਹਾਈ ਕੋਰਟ ਵਲੋ ਇਸ ਇਸਤਿਹਾਰ ਅਨੁਸਾਰ ਕਾਰਵਾਈ ਪੂਰੀ ਕਰਨ ਦੇ ਆਦੇਸ ਦਿੱਤੇ ਗਏ ਹਨ, ਇਸ ਲਈ ਅਜਿਹੇ ਉਮੀਦਾਵਰਾਂ ਨੂੰ ਆਪਣੇ ਦਸਤਾਵੇਜ ਜਮ੍ਹਾਂ ਕਰਨ ਦਾ ਇਕ ਮੌਕਾ ਦਿੱਤਾ ਜਾ ਰਿਹਾ ਹੈ ਜੋ ਪਹਿਲਾਂ ਹੋਈਆਂ ਸਕਰੂਟਨੀਆਂ ਸਮੇ ਹਾਜਰ ਹੋਏ ਸਨ ਅਤੇ ਉਸ ਸਮੇ ਕਿਸੇ ਕਾਰਨ ਆਪਣਾ ਕੋਈ ਦਸਤਾਵੇਜ ਜਮ੍ਹਾਂ ਨਹੀ ਕਰਵਾ ਸਕੇ ਜਾਂ ਆਪਣੇ ਜਮ੍ਹਾਂ ਕਰਵਾਏ ਦਸਤਾਵੇਜ ਵਾਪਸ ਲੈ ਗਏ ਸਨ। ਅਜਿਹੇ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਦਸਤਾਵੇਜ ਸਕਰੂਟਨੀ ਕਮੇਟੀ ਦੇ ਪਾਸ ਕਿਸੇ ਵੀ ਕੰਮ ਵਾਲੇ ਦਿਨ ਨਿਜੀ ਤੌਰ ਤੇ ਹਾਜਰ ਹੋ ਕੇ ਮਿਤੀ 02-02-2024 ਤੱਕ ਸਾਮ 5.00 ਵੱਜੇ ਤੱਕ ਦਫਤਰ ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ, ਨੇੜੇ ਸਰਕਾਰੀ ਮਾਡਲ ਸੀਨੀਆਰ ਸੈਕੰਡਰੀ ਸਕੂਲ, ਫੇਜ 3 ਬੀ1, ਐਸ.ਏ.ਐਸ ਨਗਰ(ਮੋਹਾਲੀ) ਵਿਖੇ ਜਮ੍ਹਾਂ ਕਰਵਾ ਸਕਦੇ ਹਨ । ਉਮੀਦਵਾਰ ਆਪਣੇ ਅਸਲ ਦਸਤਾਵੇਜ ਵੀ ਨਾਲ ਲੈ ਕੇ ਆਉਣਗੇ। ਕਿਸੇ ਵੀ ਉਮੀਦਵਾਰ ਦੇ ਦਸਤਾਵੇਜ ਈ-ਮੇਲ , ਸਧਾਰਣ ਡਾਕ, ਰਜਿਸਟਰਡ ਡਾਕ ਜਾਂ ਕਿਸੇ ਹੋਰ ਸਾਧਨ ਰਾਹੀਂ ਪ੍ਰਵਾਨ ਨਹੀ ਕੀਤੇ ਜਾਣਗੇ। ਉਮੀਦਵਾਰਾਂ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 02-02-2024 ਤੋ ਬਾਅਦ ਕਿਸੇ ਵੀ ਉਮੀਦਵਾਰ ਨੂੰ ਦਸਤਾਵੇਜ ਜਮ੍ਹਾਂ ਕਰਵਾਉਣ ਸਬੰਧੀ ਕੋਈ ਹੋਰ ਮੌਕਾ ਨਹੀ ਦਿੱਤਾ ਜਾਵੇਗਾ ।

25/1/24

ਸਹਾਇਕ ਡਾਇਰੈਕਟਰ

ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ